


ri Satguru Jagjit Singh Ji eLibrary NamdhariElibrary@gmail.com

# ਕਬਿੱਤ ਛੰਦ

ਭੰਮੇਂ ਜੀ ਤੋਂ ਸਿੱਖ ਸਿੱਖ,
ਚਾਰ ਚਾਰ ਤੁਕਾਂ ਲਿਖ,
ਅੱਠ ਅੱਠ ਬੰਦ ਵਾਲੇ,
ਛੰਦ ਤੂੰ ਬਣਾਈ ਜਾ।

ਜਿਥੇ ਕੁੱਝ ਅੜੇ ਕੰਮ,
ਗੁਰੂ ਕੋਲੋਂ ਉਸੇ ਦਮ,
ਫਸੀ ਹੋਈ ਤੁੱਕ ਵਾਲਾ,
ਕੰਡਾ ਤੂੰ ਕਢਾਈ ਜਾ।



ਉਸਤਾਦ
ਦਰਸ਼ਨ ਸਿੰਘ ਭੰਮੈ

ਛੰਦ ਐਸਾ ਲਿਖੀ ਜਾਈਂ,
ਦੁੱਧ 'ਚ ਮਧਾਣੀ ਪਾਈਂ,
ਕੱਢ ਘਿਓ ਪ੍ਰੇਮ ਨਾਲ,
ਸਭ ਨੂੰ ਖਲਾਈ ਜਾ।



ਜਿਥੇ ਬੈਠ ਪੜ੍ਹੇਂ ਛੰਦ,
ਦਿਲਾਂ ਵਿਚ ਹੋਜੇਂ ਬੰਦ,
'ਸੁਖਵੀਰ' ਬੱਲੇ ਬੱਲੇ,
ਵਾਹਵਾ ਕਰਾਈ ਜਾ।

ਸੁਖਵੀਰ ਸਿੰਘ
ਮੁਹਾਲੀ

# ਮਜ਼ਦੂਰ ਨਾਰੀ (ਕਬਿੱਤ ਛੰਦ)



ਨਾਰੀ ਤੈਨੂੰ ਧੰਨ ਆਖਾਂ,
ਕਿੰਨੇ ਤੇਰੇ ਗੁਣ ਆਖਾਂ,
ਇਕ ਇਕ ਪਗ ਉੱਤੇ,
ਜ਼ਿਮੇ ਤੂੰ ਨਿਭਾਂਵਦੀ।

ਨਰ ਨੂੰ ਜਨਮ ਦੇ ਕੇ,
ਪਾਲਣਾ ਵੀ ਕਰਦੀ ਏਂ,
ਰੋਜ਼ੀ ਵੀ ਕਮਾਕੇ ਫਿਰ,
ਰੋਟੀ ਵੀ ਪਕਾਂਵਦੀ।

ਹਰ ਕਸਵੱਟੀ ਉੱਤੇ,
ਸਬਰਾਂ ਦੇ ਘੁੱਟ ਭਰ,
ਚੁੱਪ ਚਾਪ ਚੱਲੀ ਜਾਵੇਂ,
ਜ਼ਰਾ ਨਾ ਜਣਾਂਵਦੀ।

ਸੱਚ ਮੁੱਚ ਰੱਬ ਦੀ ਤੂੰ,
ਸ਼ਕਤੀ ਮਹਾਨ ਲੱਗੇਂ,
ਸਿਰਾਂ ਉੱਤੇ ਭਾਰ ਚੁੱਕ,
ਬੱਚੇ ਵੀ ਖਿਲਾਂਵਦੀ।



ਸੁਖਵੀਰ ਸਿੰਘ ਲਾਡੀ
ਮੁਹਾਲੀ

Sri Satguru Jagjit Singh Ji eLibrary NamdhariElibrary@gmail.com




# ਸੇਵਾ ਦੀ ਮੂਰਤ

ਧੰਨ ਮਾਤਾ ਚੰਦ ਕੌਰ ਜੀ
ਜਿਨ੍ਹਾਂ ਜਿੰਦ ਨੂੰ ਸੇਵਾ ਦੇ ਲੇਖੇ ਲਾਇਆ
ਪਲ ਪਲ ਜ਼ਿੰਦਗੀ ਦਾ
ਸੇਵਾ ਪੰਥ ਦੀ ਝੋਲ਼ੀ ਦੇ ਵਿਚ ਪਾਇਆ

ਦਇਆ ਵਾਲ਼ੀ ਮੂਰਤ ਨੇ
ਸਦਾ ਦੁੱਖੀਆਂ ਦਾ ਦਰਦ ਵੰਡਾਇਆ
ਜੋ ਵੀ ਦੁੱਖ ਲੈਕੇ ਆ ਗਿਆ
ਆ ਕੇ ਦਿਲ ਦਾ ਸੀ ਹਾਲ ਸੁਣਾਇਆ
ਦੁਖੀਆਂ ਨੂੰ ਸੁਖ ਵੰਡਕੇ
ਸਦਾ ਮਾਂ ਨੇ ਸੀ ਧਰਮ ਨਿਭਾਇਆ
ਧੰਨ ਮਾਤਾ ਚੰਦ ਕੌਰ ਜੀ ਜਿਨ੍ਹਾਂ........

ਪਹਿਲੇ ਪਹਿਰ ਉੱਠ ਤੜਕੇ
ਨਾਮ ਜੱਪਣਾ ਤੇ ਸਿੱਖੀ ਨੂੰ ਕਮਾਉਣਾ
ਗੁਰੂ ਪਤੀ ਹੁਕਮਾਂ ਦਾ
ਮੰਨ ਸਿੱਖੀ ਲਈ ਸਦਾ ਹੀ ਨਿਭਾਉਣਾ
ਮਾਂ ਕੋਲ਼ੋਂ ਸੰਗਤਾਂ ਨੇ
ਬਸ ਪਿਆਰ ਹੀ ਪਿਆਰ ਸੀ ਪਾਇਆ
ਧੰਨ ਮਾਤਾ ਚੰਦ ਕੌਰ ਜੀ ਜਿਨ੍ਹਾਂ........

ਕਦੇ ਮਾਤਾ ਲੰਗਰਾਂ ਦੀ
ਕਦੇ ਭਾਂਡਿਆਂ ਦੀ ਸੇਵਾ ਸੀ ਨਿਭਾਵੇ
ਕਦੇ ਮਾਤਾ ਰੋੜੀ ਕੁੱਟਦੀ
ਕਦੇ ਟੋਕਰੇ 'ਚ ਇੱਟਾਂ ਚੁੱਕ ਪਾਵੇ
ਕੱਚਿਆਂ ਨੂੰ ਪੱਕੇ ਕਰਕੇ
ਭੈਣੀ ਸਾਹਿਬ ਦੀ ਬਦਲਤੀ ਕਾਇਆ
ਧੰਨ ਮਾਤਾ ਚੰਦ ਕੌਰ ਜੀ ਜਿਨ੍ਹਾਂ........

ਮੇਲਿਆਂ 'ਚ ਖ਼ੁਦ ਆਣਕੇ
ਮਾਤਾ ਸੰਗਤਾਂ ਨੂੰ ਲੰਗਰ ਛਕਾਉਂਦੀ
ਲੋਹ ਕੋਲੇ ਘੰਟਿਆਂ ਬਦੀ
ਬੈਠ ਹੱਥਾਂ ਨਾਲ ਰੋਟੀਆਂ ਸੀ ਪਾਉਂਦੀ
ਜੱਗ ਉੱਤੇ ਮਾਤਾ ਹੋਰ ਨਾ
ਜਿਨ੍ਹੇ ਸੇਵਾ ਵਿਚ ਖ਼ੁਦ ਨੂੰ ਸਮਾਇਆ
ਧੰਨ ਮਾਤਾ ਚੰਦ ਕੌਰ ਜੀ ਜਿਨ੍ਹਾਂ........

ਇਕ ਦਿਨ ਐਸਾ ਆ ਗਿਆ
ਅਨਹੋਣੀ ਨੇ ਸੀ ਕਹਿਰ ਕਮਾਇਆ
ਕਲਯੁੱਗੀ ਜ਼ਾਲਮਾਂ ਨੇ
ਗੋਲ਼ੀ ਮਾਰਕੇ ਸੀ ਮਾਂ ਨੂੰ ਸੁਲਾਇਆ
ਮਾਂ ਸਾਡੀ ਦਰਵੇਸ਼ ਨੂੰ
ਅੱਜ ਵਹਿਸ਼ੀਆਂ ਸੀ ਮਾਰ ਮੁਕਾਇਆ
ਧੰਨ ਮਾਤਾ ਚੰਦ ਕੌਰ ਜੀ ਜਿਨ੍ਹਾਂ..........

ਪੰਥ ਨੂੰ ਵਿਛੋੜਾ ਪੈ ਗਿਆ
ਕਾਇਨਾਤ ਸ਼ਰਮਸਾਰ ਹੋਈ
ਮਾਤਾ ਜੀ ਦੀ ਯਾਦ ਲਿਖਦੇ
'ਸੁਖਵੀਰ' ਦੀ ਵੀ ਅੱਖ ਅੱਜ ਰੋਈ
ਮਾਂ ਦਾ ਜੋ ਪਿਆਰ ਮਿਲਿਆ
ਦਿਨ ਅੱਜ ਦੇ ਬਹੁਤ ਯਾਦ ਆਇਆ
ਧੰਨ ਮਾਤਾ ਚੰਦ ਕੌਰ ਜੀ
ਜਿਨ੍ਹਾਂ ਜਿੰਦ ਨੂੰ ਸੇਵਾ ਦੇ ਲੇਖੇ ਲਾਇਆ....



ਸੁਖਵੀਰ ਸਿੰਘ
ਮਹਾਲੀ

# ਭਲਵਾਨੀ ਅਖਾੜਾ



## ਕੋਰੜਾ ਛੰਦ

ਮੱਲ ਨੇ ਤਿਆਰ, ਦੇਖਣਾ ਹੈ ਜ਼ੋਰ ਜੀ
ਖੁਸ਼ੀ ਵਿੱਚ ਲੋਕ, ਪਾਂਵਦੇ ਨੇ ਸ਼ੋਰ ਜੀ
ਵਿਚ ਗੁਰੂ ਖੜ੍ਹਾ , ਚੇਲਿਆਂ ਦੇ ਕੋਲ ਜੀ
ਲੱਗਿਆ ਅਖਾੜੇ, ਵਿਚ ਹੋਣ ਘੋਲ਼ ਜੀ

ਗੱਭਰੂ ਪੰਜਾਬੀ, ਵੱਖਰੀ ਪਛਾਣ ਹੈ
ਬਣੇ ਨੇ ਸਰੀਰ, ਡੌਲ਼ਿਆਂ ਤੇ ਮਾਣ ਹੈ
ਕੀਤੀਆਂ ਜੋ ਘਾਲਾਂ, ਅੱਜ ਪਊ ਮੋਲ ਜੀ
ਲੱਗਿਆ ਅਖਾੜੇ, ਵਿਚ ਹੋਣ ਘੋਲ਼ ਜੀ

ਤੇਲ ਮਲ਼ ਮਲ਼ , ਭਲਵਾਨ ਆ ਗਏ
ਮਾਰਕੇ ਨੇ ਥਾਪੀ, ਖਾੜੇ ਵਿਚ ਛਾ ਗਏ
ਤੁਰਦਿਆਂ ਪੈਂਦੀ ਏ, ਪੱਟਾਂ ਦੀ ਝੋਲ ਜੀ
ਲੱਗਿਆ ਅਖਾੜੇ, ਵਿੱਚ ਹੋਣ ਘੋਲ਼ ਜੀ

ਦਾਅ ਪੇਚ ਲਾ ਕੇ, ਜਦੋਂ ਖੇਡ ਭੱਖਦਾ
ਗੁਰੂ ਵੀ ਏ ਮਾਣ, ਚੇਲਿਆਂ ਤੇ ਰੱਖਦਾ
ਕੀਤਾ ਖੇਡ ਸ਼ੁਰੂ, ਵਾਹਿਗੁਰੂ ਬੋਲ ਜੀ
ਲੱਗਿਆ ਅਖਾੜੇ, ਵਿਚ ਹੋਣ ਘੋਲ਼ ਜੀ

ਅਖਾੜੇ ਵਿਚ ਜੋਧਾ, ਜਿੱਤ ਜੋ ਵੀ ਗਿਆ
ਬੂਰੀਆਂ ਦਾ ਦੁੱਧ, ਜਾਦੇ ਕੌਣ ਪੀ ਗਿਆ
ਕੁਝ ਹੀ ਪਲਾਂ ਨੇ, ਦੇਣਾ ਭੇਦ ਖੋਲ ਜੀ
ਲੱਗਿਆ ਅਖਾੜੇ, ਵਿਚ ਹੋਣ ਘੋਲ਼ ਜੀ

ਮੇਲਿਆਂ ਦਾ ਕੁਸ਼ਤੀ, ਹੈ ਅੰਗ ਦੋਸਤੋ
ਇਹ ਸਾਡੇ ਵਿਰਸੇ , ਦਾ ਰੰਗ ਦੋਸਤੋ
ਦੁਨੀਆਂ 'ਚ ਖੇਡ, ਸਾਡੀ ਅਨਮੋਲ ਜੀ
ਲੱਗਿਆ ਅਖਾੜੇ, ਵਿਚ ਹੋਣ ਘੋਲ਼ ਜੀ

'ਸੁਖਵੀਰ' ਸੱਚ , ਰਿਹਾ ਬੋਲ ਦੋਸਤੋ
ਜ਼ਿੰਦਗੀ ਵੀ ਹੁੰਦੀ, ਇਕ ਘੋਲ਼ ਦੋਸਤੋ
ਗੁਰਾਂ ਵਾਲੇ ਦਾਅ, ਖੇਡੋ ਤੋਲ ਤੋਲ ਜੀ
ਲੱਗਿਆ ਅਖਾੜੇ, ਵਿਚ ਹੋਣ ਘੋਲ਼ ਜੀ



ਸੁਖਵੀਰ ਸਿੰਘ
ਮੁਹਾਲੀ

(ਹਿੱਕਚੂ ਮਾਲਾ)

https://archive.org/details/namdhari

# ਸਭਿਆਚਾਰ

ਸਭਿਆਚਾਰ
ਮਨੁੱਖ ਦੀ ਰੂਹ ਦਾ
ਹੁੰਦਾ ਸ਼ਿੰਗਾਰ

ਹੁੰਦਾ ਸ਼ਿੰਗਾਰ
ਨਫ਼ਰਤਾਂ ਦੀ ਅੱਗ
ਦਿੰਦਾ ਏ ਠਾਰ

ਦਿੰਦਾ ਏ ਠਾਰ
ਕੱਢ ਦਿਲਾਂ ਚੋਂ ਵੈਰ
ਭਰੇ ਪਿਆਰ

ਭਰੇ ਪਿਆਰ
ਖ਼ੁਸ਼ੀ ਤੇ ਖੇੜਿਆਂ ਦੀ
ਵੰਡੇ ਬਹਾਰ

ਵੰਡੇ ਬਹਾਰ
ਲਾਡਲੇ ਨੇ ਇਸਦੇ
ਸਾਹਿਤਕਾਰ

ਸਾਹਿਤਕਾਰ
ਗਾਇਕ, ਗੀਤਕਾਰ
ਇਸ ਦੇ ਦੁਲਾਰ

ਇਸਦੇ ਦੁਲਾਰ
ਬਾਵਾ ਦੀ ਹੇਕ ਅਤੇ
ਯਮਲੇ ਦੀ ਤਾਰ

ਯਮਲੇ ਦੀ ਤਾਰ
ਮਰ ਜਾਣੇ ਦਾ ਛੱਲਾ
ਸਿਰੇ ਦੀ ਧਾਰ

ਸਿਰੇ ਦੀ ਧਾਰ
ਪੰਜਾਬ ਦੀ ਕੋਇਲ
ਸੁਰਿੰਦਰ ਨਾਰ

ਸੁਰਿੰਦਰ ਨਾਰ
ਕੂਕ ਜੀਹਦੀ ਗੂੰਜੀ
ਸਾਗਰੋਂ ਪਾਰ

ਸਾਗਰੋਂ ਪਾਰ
ਮਨਾਉਣ ਵਿਸਾਖੀ
ਦਾ ਤਿਉਹਾਰ

ਦਾ ਤਿਉਹਾਰ
ਰਾਜ ਕਰਦਾ ਸਾਡਾ
ਸਭਿਆਚਾਰ



ਸੁਖਵੀਰ ਸਿੰਘ ਲਾਡੀ
ਮੁਹਾਲੀ

Sri Satguru Jagjit Singh Ji eLibrary NamdhariElibrary@gmail.com

# ਅਧਿਆਪਕ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਜੀ





ਉਸਤਾਦ
ਦਰਸ਼ਨ ਸਿੰਘ ਜੀ ਭੰਮੇ

## ਕਬਿੱਤ ਛੰਦ

ਡੂੰਘੇ ਸਾਗਰਾਂ ਦੇ ਵਿਚ, ਰਾਤ ਦੇ ਹਨੇਰਿਆਂ ਨੂੰ,
ਚੀਰਦਾ ਏ ਸਦਾ ਜਿਵੇਂ, ਚਾਨਣ ਮੁਨਾਰਾ ਜੀ।

ਤਿਵੇਂ ਛੰਦ-ਬੰਦੀ ਵਿਚ, ਬੁੱਧ ਰੁਸ਼ਨਾਉਣ ਵਾਲ਼ੇ,
ਭੰਮੇ ਸਾਬ੍ਹ ਬਣੇਂ ਸਾਡੇ, ਸਭ ਦੇ ਸਹਾਰਾ ਜੀ।

ਦਿਨ ਅਧਿਆਪਕਾਂ ਦੇ, ਦਿਲੋਂ ਮੈਂ ਵਧਾਈ ਦੇਵਾਂ,
ਹੁੰਦਾ ਰਹੇ ਸਾਨੂੰ ਥੋਡਾ, ਦਰਸ਼ ਨਜ਼ਾਰਾ ਜੀ।

ਲੇਖਕਾਂ ਦੀ ਦੁਨੀਆਂ 'ਚ, ਸਦਾ ਬੱਲੇ ਬੱਲੇ ਹੋਵੇ,
ਸੂਰਜ ਦੇ ਵਾਂਗ ਥੋਡਾ, ਚਮਕੇ ਸਿਤਾਰਾ ਜੀ।



ਦਾਸ ਸੁਖਵੀਰ ਸਿੰਘ
ਮੁਹਾਲੀ

# ਨੇੜ੍ਹੇ 'ਚ ਉਜਾਲਾ (ਕਬਿੱਤ)

ਨੇੜ੍ਹੇ 'ਚ ਉਜਾਲਾ ਹੁੰਦਾ, ਗੁਰੂ ਸਦਾ ਜਗ ਉੱਤੇ,
ਗੁਰੂ ਕੋਲ਼ ਵਿਦਿਆ ਦਾ, ਹੁੰਦਾ ਏ ਭੰਡਾਰਾ ਜੀ।

ਪਰਉਪਕਾਰੀ ਹੁੰਦੀ,ਵਿਦਿਆ ਵੀਚਾਰੀ ਭਾਵੇਂ,
ਪਰ ਅਧਿਆਪਕ ਹੀ, ਖੋਲ੍ਹਦਾ ਪਿਟਾਰਾ ਜੀ।

ਡੂੰਘੇ ਸਾਗਰਾਂ ਦੇ ਵਿਚ, ਰਾਤ ਦੇ ਹਨੇਰਿਆਂ ਨੂੰ,
ਚੀਰਦਾ ਏ ਸਦਾ ਜਿਵੇਂ, ਚਾਨਣ ਮੁਨਾਰਾ ਜੀ

ਤਿਵੇਂ ਅਧਿਆਪਕ ਵੀ,ਜ਼ਿੰਦਗੀ ਮਨੁੱਖ ਦੀ 'ਚ,
ਬੁੱਧ ਰੁਸ਼ਨਾਉਣ ਵਾਲਾ, ਹੁੰਦਾ ਏ ਸਹਾਰਾ ਜੀ।

ਗੁਰੂ ਬਿਨਾਂ ਗਤਿ ਨਹੀਂ, ਉੱਚੀ ਹੁੰਦੀ ਮਤਿ ਨਹੀਂ,
ਗੁਰੂ ਬਿਨਾਂ ਜਗ ਵਿਚ , ਕੋਈ ਨਾਹੀਂ ਚਾਰਾ ਜੀ।

ਨੇਰ੍ਹਿਆਂ ਦੇ ਘੁੱਪ ਵਿੱਚ, ਲੱਖ ਰਵਿ ਸਸਿ ਹੋਵੇ,
ਸੰਗ ਅਧਿਆਪਕ ਹੀ, ਚਮਕੇ ਸਿਤਾਰਾ ਜੀ।

ਜਿਵੇਂ ਬੀਆ ਬਾਨ ਹੋਵੇ, ਨਦੀ 'ਚ ਉਫਾਨ ਹੋਵੇ,
'ਸੁਖਵੀਰ' ਡੁੱਬਦੇ ਨੂੰ , ਮਿਲ਼ਜੇ ਕਿਨਾਰਾ ਜੀ।

ਤਿਵੇਂ ਅਧਿਆਪਕ ਵੀ,ਜ਼ਿੰਦਗੀ ਮਨੁੱਖ ਦੀ 'ਚ,
ਬੁੱਧ ਰੁਸ਼ਨਾਉਣ ਵਾਲਾ, ਹੁੰਦਾ ਏ ਸਹਾਰਾ ਜੀ।



ਸੁਖਵੀਰ ਸਿੰਘ
ਮੁਹਾਲੀ

# ਰੰਗ ਬਰੰਗੇ ਫੁੱਲ

ਰੰਗ ਬਰੰਗੇ ਫੁੱਲਾਂ ਨੇ
ਹਰ ਪਾਸੇ ਰੌਣਕ ਲਾਈ ਏ
ਸੋਹਣੇ ਸੋਹਣੇ ਰੂਪ ਏਸ ਦੇ
ਕੁਦਰਤ ਦੀ ਵਡਿਆਈ ਏ

ਲਾਲ,ਗੁਲਾਬੀ,ਚਿੱਟੇ,ਪੀਲੇ
ਭਾਂਤ ਭਾਂਤ ਦੇ ਫੁੱਲਾਂ ਨੇ
ਰੰਗ ਬਰੰਗੀ ਚਾਦਰ ਦੇ ਨਾਲ
ਧਰਤੀ ਖੂਬ ਸਜਾਈ ਏ

ਲਿੱਲੀ,ਗੇਂਦਾ,ਕਮਲ,ਗੋਖਰੂ,
ਗੁੜਹਲ ਤੇ ਗੁਲਖੈਰਾ ਵੀ
ਕੇਸੂ,ਕੌਲ,ਗੰਢੇਲ,ਕਾਸ਼ਨੀ,
ਚੰਪਾ,ਕਲੀ ਵੀ ਛਾਈ ਏ

ਛੂਈ ਮੂਈ,ਤਿਲਫੁੱਲ,ਕਲਗਾ,
ਸੁੰਦਰ,ਕੇਸਰ,ਪੈਂਜ਼ੀ ਹੈ
ਗੁਲਾਬ,ਚਮੇਲੀ ਨੇ ਵੀ ਖੁਸ਼ਬੂ
ਚੌਂ ਪਾਸੇ ਮਹਿਕਾਈ ਏ

ਨਫ਼ਰਤ ਨੂੰ ਮਿਟਾਵਣ ਦੇ ਲਈ
ਪੈਂਦੀਂ ਲੋੜ ਜ਼ਮਾਨੇ ਨੂੰ
ਫੁੱਲਾਂ ਨੇ ਹੀ ਤੋਹਫ਼ੇ ਬਣਕੇ
ਦਿਲਾਂ 'ਚ ਠੰਡਕ ਪਾਈ ਏ

ਵੇਦ ਗ੍ਰੰਥਾਂ ਵਿਚ ਲਿਖੀ ਹੈ
ਸ਼ੋਭਾ ਰਿਖੀਆਂ ਮੁਨੀਆਂ ਨੇ
ਕਵੀਆਂ ਨੇ ਵੀ ਸਦੀਆਂ ਤੋਂ
ਫੁੱਲਾਂ ਤੇ ਕਵਿਤਾ ਗਾਈ ਏ

ਟਾਹਣੀ ਨਾਲੋਂ ਟੁੱਟਣ ਤੇ ਫੁੱਲ
ਪੱਤੀ ਪੱਤੀ ਹੋ ਜਾਂਦੇ ਨੇ
ਫੁੱਲਾਂ ਨੇ ਫੁੱਲ ਵਰਖਾ ਬਣਕੇ,
ਫਿਰ ਵੀ ਰੀਤ ਨਿਭਾਈ ਏ

ਅਰਥੀ ਉੱਤੇ ਚੜ੍ਹਦੇ ਨੇ ਫੁੱਲ,
ਗਲ਼ਾਂ ਦੀ ਸ਼ੋਭਾ ਬਣਦੇ ਨੇ ਫੁੱਲ
ਦੁਲਹਨ ਦੀ ਵੀ ਸੇਜ਼ ਤੇ ਫੁੱਲਾਂ
ਪਿਆਰ ਮਹਿਕ ਵੰਡਾਈ ਏ

ਫੁੱਲਾਂ ਅੰਦਰ ਵਸਕੇ ਕੁਦਰਤ
ਮਹਿਕੇ ਫੁੱਲਾਂ ਅੰਦਰ ਕੁਦਰਤ
ਰੂਪ ਆਪਣਾ ਦੇਖਕੇ ਕੁਦਰਤ
ਖ਼ੁਦ ਕੁਦਰਤ ਮੁਸਕਾਈ ਏ

'ਸੁਖਵੀਰ' ਦੀ ਕਲਮ ਕਦੇ ਵੀ,
ਫੁੱਲ ਸ਼ੋਭਾ ਲਿਖ ਸਕਦੀ ਨੀ
ਬੇ ਅੰਤ ਫੁੱਲ ਸਾਜਣ ਵਾਲਾ
ਰਚਨਾ ਜਿਸ ਰਚਾਈ ਏ



ਸੁਖਵੀਰ ਸਿੰਘ
ਮੁਹਾਲੀ

Sri Satguru Jagjit Singh Ji eLibrary NamdhariElibrary@gmail.com